ਅੱਗ ਤੋਂ ਸੁਰੱਖਿਆ ਲਈ ਸੁਝਾਅ

# CO ਅਲਾਰਮ



ਅਕਸਰ ਅਦਿੱਸਵਾਂ ਹਤਿਆਰਾ ਅਖਵਾਉਣ ਵਾਲੀ, ਕਾਰਬਨ ਮੋਨੋਆਕਸਾਈਡ ਇੱਕ ਅਦਿੱਸਵੀਂ, ਗੰਧ ਰਹਿਤ ਅਤੇ ਰੰਗਹੀਣ ਗੈਸ ਹੈ, ਜੋ ਉਦੋਂ ਪੈਦਾ ਹੁੰਦੀ ਹੈ, ਜਦੋਂ ਬਾਲਣ (ਜਿਵੇਂ ਗੈਸੋਲੀਨ, ਲੱਕੜ, ਕੋਲਾ, ਕੁਦਰਤੀ ਗੈਸ, ਪ੍ਰੋਪੇਨ, ਤੇਲ ਅਤੇ ਮੈਥੇਨ) ਪੂਰੀ ਤਰ੍ਹਾਂ ਨਹੀਂ ਜਲਦੇ। ਕਾਰਬਨ ਮੋਨੋਆਕਸਾਈਡ ਲੋਕਾਂ ਅਤੇ ਪਾਲਤੂ ਜਾਨਵਰਾਂ ਦੀ ਜਾਨ ਲੈ ਸਕਦੀ ਹੈ।

ਸੌਣ ਵਾਲੇ ਸਾਰੇ ਹਿੱਸਿਆਂ ਦੇ ਨਾਲ ਸਥਿਤ ਹੋਣੇ ਲਾਜ਼ਮੀ ਹਨ

ਰਿਹਾਇਸ਼ੀ ਇਮਾਰਤਾਂ ਵਿੱਚ CO ਅਲਾਰਮ ਹੋਣਾ ਜ਼ਰੂਰੀ ਹੈ, ਜੇਕਰ ਉਹਨਾਂ ਵਿੱਚ:

- ਅੰਗੀਠੀ ਹੈ
- ਗੈਸ ਨਾਲ ਚੱਲਣ ਵਾਲਾ ਉਪਕਰਨ ਹੈ (ਭੱਠੀ, ਸਟੋਵ)
- ਅਟੈਚਡ ਗੈਰਾਜ ਹੈ

ਵਾਧੂ ਸੁਰੱਖਿਆ ਲਈ, ਆਪਣੇ ਘਰ ਦੀ ਹਰੇਕ ਮੰਜ਼ਲ ਤੇ CO ਅਲਾਰਮ ਲਗਾਓ।

CO ਅਲਾਰਮ 'ਚੂੰ-ਚੂੰ' ਦੀ ਅਵਾਜ਼ ਕਰਨਗੇ, ਜੋ ਤੁਹਾਨੂੰ ਦੱਸਦੀ ਹੈ ਕਿ ਬੈਟਰੀ ਬਦਲਣ ਦੀ ਲੋੜ ਹੈ। ਇਹ ਅਵਾਜ਼, ਅਲਾਰਮ ਦੇ ਬੰਦ ਹੋਣ ਦੀ ਅਵਾਜ਼ ਵਰਗੀ ਨਹੀਂ ਹੁੰਦੀ।

ਧੂੰਏਂ ਦਾ ਅਲਾਰਮ, ਵੱਜਣ ਤੇ 3 ਵਾਰ ਬੀਪ ਕਰੇਗਾ। CO ਅਲਾਰਮ, ਵੱਜਣ ਤੇ 4 ਵਾਰ ਬੀਪ ਕਰੇਗਾ।

CO ਅਲਾਰਮਾਂ ਨੂੰ ਇੰਸਟਾਲ ਕਰਨ, ਸੰਭਾਲਣ ਅਤੇ ਬਦਲਣ ਵੇਲੇ ਹਮੇਸ਼ਾ ਨਿਰਮਾਤਾ ਦੇ ਨਿਰਦੇਸ਼ਾਂ ਦੀ ਪਾਲਣਾ ਕਰੋ।

ਜੇਕਰ ਤੁਹਾਡੇ CO ਅਲਾਰਮ ਲਈ ਬੈਟਰੀ ਦੀ ਲੋੜ ਹੈ, ਤਾਂ ਸਾਲ ਵਿੱਚ ਘੱਟੋ-ਘੱਟ ਇੱਕ ਵਾਰ, ਜਾਂ ਜਦੋਂ ਲੋ ਬੈਟਰੀ ਦੀ ਚਿਤਾਵਨੀ ਸਬੰਧੀ ਚੂੰ-ਚੂੰ ਹੋਵੇ ਤਾਂ ਬੈਟਰੀ ਬਦਲੋ।

ਇਹ ਯਕੀਨੀ ਬਣਾ ਕੇ ਆਪਣੇ ਘਰ ਨੂੰ ਸੁਰੱਖਿਅਤ ਰੱਖੋ ਕਿ ਡ੍ਰਾਇਰ, ਭੱਠੀ, ਸਟੋਵ ਅਤੇ ਅੰਗੀਠੀ ਲਈ ਰੋਸ਼ਨਦਾਨ, ਸਨੋ ਅਤੇ ਹੋਰ ਮਲਬੇ ਤੋਂ ਮੁਕਤ ਹਨ। ਵਾਹਨਾਂ ਨੂੰ ਚਾਲੂ ਕਰਨ ਤੋਂ ਤੁਰੰਤ ਬਾਅਦ ਗੈਰਾਜ ਤੋਂ ਹਟਾ ਲਵੋ। ਆਪਣੇ ਘਰ ਨੂੰ ਗਰਮ ਕਰਨ ਲਈ ਕਦੇ ਵੀ ਓਵਨ ਜਾਂ ਸਟੋਵ ਦੀ ਵਰਤੋਂ ਨਾ ਕਰੋ।

ਜੇਕਰ ਤੁਹਾਡਾ CO ਅਲਾਰਮ ਅਵਾਜ਼ ਕਰਦਾ ਹੈ, ਤਾਂ ਆਪਣੀ ਖਿੜਕੀਆਂ ਬੰਦ ਰੱਖੋ, ਤੁਰੰਤ ਘਰੋਂ ਬਾਹਰ ਨਿੱਕਲੋ ਅਤੇ ਕਿਸੇ ਸੁਰੱਖਿਅਤ ਸਥਾਨ ਤੋਂ 9-1-1 ਤੇ ਫੋਨ ਕਰੋ।


**Welland Fire & Emergency Services**

Welland Fire and Emergency Services
Fire Prevention Division
400 East Main Street, City of Welland, Ontario
905-735-1700 x2488
fireprevention@welland.ca
www.welland.ca/fire

@WellandFire



Translation courtesy of Mississauga Fire and Emergency Services